**... 5 ਵਿੱਚੋਂ 3** ਨਫ਼ਰਤ ਅਧਾਰਤ ਜੁਰਮਾਂ ਦੀ ਪੁਲਿਸ ਕੋਲ ਰਿਪੋਰਟ ਨਹੀਂ ਕੀਤੀ ਜਾਂਦੀ। ਕਿਸੇ ਵੀ ਵਿਅਕਤੀ ਨੂੰ ਇਸ ਲਈ ਨਹੀਂ ਸਤਾਇਆ ਜਾਣਾ ਚਾਹੀਦਾ ਕਿਉਂਕਿ ਉਹ ਅਜਿਹਾ ਹੈ। ਖਾਮੋਸ਼ੀ ਨਾਲ ਸਹਿਣ ਨਾ ਕਰੋ ...

## ਮੈਂ ਕਿਸੇ ਨਫ਼ਰਤ ਅਧਾਰਤ ਜੁਰਮ ਦੀ ਰਿਪੋਰਟ ਕਿਵੇਂ ਕਰਾਂ?

ਤੁਸੀਂ ਕਿਸੇ ਜੁਰਮ ਦੀ ਹੇਠਾਂ ਦਿੱਤੇ ਤਰੀਕਿਆਂ ਵਿੱਚੋਂ ਕਿਸੇ ਦੁਆਰਾ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਦੇ ਹੋ:

- ਕਸਿੇ ਸੰਕਟ ਵਿੱਚ **999** 'ਤੇ ਟੈਲੀਫ਼ੋਨ ਕਰੋ
- ਗੈਰ-ਸੰਕਟਕਾਲੀ ਹਾਲਾਤ ਵਿੱਚ **101** 'ਤੇ ਕਾਲ ਕਰੋ
- ਔਨਲਾਈਨ **www.report-it.org.uk** 'ਤੇ ਰਿਪੋਰਟ ਕਰੋ
- ਕਸਿੇ ਪੁਲਿਸ ਸਟੇਸ਼ਨ ਵਿੱਚ ਆਓ ਜਾਂ ਸਕੜ 'ਤੇ ਪੁਲਿਸ ਆਫਿਸਰ ਨੂੰ ਰੋਕੋ



# ਤੁਸੀਂ ਜਿਹੇ ਜਿਹੇ ਹੋ ਉਹ ਹੋਣਾ ਕੋਈ ਜੁਰਮ ਨਹੀਂ ਹੈ:

# ਨਫ਼ਰਤ ਅਧਾਰਤ ਜੁਰਮ, ਜੁਰਮ ਹੈ

Warwickshire POLICE
West Mercia POLICE

## ਨਫ਼ਰਤ ਅਧਾਰਤ ਜੁਰਮ ਕੀ ਹੁੰਦਾ ਹੈ?

ਨਫ਼ਰਤ ਅਧਾਰਤ ਜੁਰਮ ਅਜਿਹਾ ਕੋਈ ਵੀ ਜੁਰਮ ਹੁੰਦਾ ਹੈ ਜਿਸ ਨੂੰ ਪੀੜਤ ਦੁਆਰਾ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਵਿਅਕਤੀ ਦੀਆਂ ਹੇਠਾਂ ਦਿੱਤੀਆਂ ਵਿਸ਼ੇਸ਼ਤਾਵਾਂ ਦੇ ਅਧਾਰ 'ਤੇ ਵੈਰ-ਵਿਰੋਧਤਾ ਜਾਂ ਪੂਰਵ-ਧਾਰਨਾ ਤੋਂ ਪ੍ਰੇਰਿਤ ਸਮਝਿਆ ਜਾਂਦਾ ਹੈ:

- ਨਸਲ (ਇਸ ਵਿੱਚ ਰਾਸ਼ਟਰੀਅਤਾ, ਰਾਸ਼ਟਰੀ ਮੂਲ, ਜਾਤੀ ਸਬੰਧੀ ਮੂਲ, ਨਸਲ ਅਤੇ ਰੰਗ ਸ਼ਾਮਲ ਹਨ)
- ਧਰਮ
- ਸੈਕਸ ਸਬੰਧੀ ਝੁਕਾਅ
- ਅਸਮਰਥਤਾ
- ਟ੍ਰਾਂਸਜੈਂਡਰ
- ਵਿਅਕਤੀਗਤ ਵਿਸ਼ੇਸ਼ਤਾਵਾਂ ਜੋ ਕਿਸੇ ਵਿਅਕਤੀ ਦੀ ਦਿੱਖ ਨੂੰ ਵੱਖਰਾ ਬਣਾਉਂਦੀਆਂ ਹਨ



## ਨਫ਼ਰਤ ਅਧਾਰਤ ਜੁਰਮਾਂ ਦੀਆਂ ਉਦਾਹਰਨਾਂ

ਕਿਸੇ ਵੀ ਕਿਸਮ ਦਾ ਜੁਰਮ ਨਫ਼ਰਤ ਅਧਾਰਤ ਜੁਰਮ ਹੋ ਸਕਦਾ ਹੈ। ਉਦਾਹਰਣਾਂ ਵਿੱਚ ਸ਼ਾਮਲ ਹਨ:

- ਸਰੀਰਕ ਹਮਲੇ
- ਸੰਪਤੀ ਨੂੰ ਨੁਕਸਾਨ
- ਕੰਧਾਂ 'ਤੇ ਅਪਮਾਨਜਨਕ ਗੱਲਾਂ ਲਿਖਣੀਆਂ ਜਾਂ ਵਾਹੁਣੀਆਂ
- ਅੱਗਜ਼ਨੀ
- ਹਮਲੇ ਦੀਆਂ ਧਮਕੀਆਂ
- ਅਪਮਾਨਜਨਕ ਚਿੱਠੀਆਂ
- ਗਾਲ੍ਹਾਂ ਭਰੀਆਂ ਜਾਂ ਅਸ਼ਲੀਲ ਕਾਲਾਂ
- ਸਮਾਜ-ਵਿਰੋਧੀ ਵਿਹਾਰ ਅਤੇ ਡਰਾਉਣਾ-ਧਮਕਾਉਣਾ
- ਅਪਮਾਨਜਨਕ ਭਾਸ਼ਾ ਅਤੇ ਪਰੇਸ਼ਾਨ ਕਰਨਾ



## ਤੁਸੀਂ ਪੁਲਿਸ ਤੋਂ ਕੀ ਉਮੀਦ ਕਰ ਸਕਦੇ ਹੋ?

ਨਫ਼ਰਤ ਅਧਾਰਤ ਜੁਰਮ ਦੀਆਂ ਸਾਰੀਆਂ ਰਿਪੋਰਟਾਂ ਤੇ ਪੁਲਿਸ ਕਾਰਵਾਈ ਕਰੇਗੀ।

ਹੋ ਸਕਦਾ ਹੈ ਅਸੀਂ ਤੁਰੰਤ ਕਾਰਵਾਈ ਨਾ ਕਰ ਸਕੀਏ, ਪਰ ਅਸੀਂ ਸਾਰੀਆਂ ਰਿਪੋਰਟਾਂ 'ਤੇ ਕਾਰਵਾਈ ਜ਼ਰੂਰ ਕਰਾਂਗੇ।

